# ਐਂਟੀਬਾਇਓਟਿਕ:
# ਆਪਣੇ ਹੈਲਥ ਕੇਅਰ ਪ੍ਰੋਵਾਈਡਰ ਨੂੰ ਪੁੱਛੇ ਜਾਣ ਵਾਲੇ ਤਿੰਨ ਸਵਾਲ

## 1) ਕੀ ਮੈਨੂੰ ਵਾਕਈ ਵਿੱਚ ਐਂਟੀਬਾਇਓਟਿਕ ਦੀ ਲੋੜ ਹੈ?

ਐਂਟੀਬਾਇਓਟਿਕ ਬੈਕਟੀਰੀਅਲ ਇਨਫੈਕਸ਼ਨਾਂ, ਜਿਵੇਂ ਕਿ ਖਰਾਬ ਗਲਾ, ਕਾਲੀ ਖਾਂਸੀ ਅਤੇ ਬਲੈਡਰ ਦੀ ਇਨਫੈਕਸ਼ਨ ਨਾਲ ਲੜਦੇ ਹਨ। ਪਰ ਉਹ ਸਧਾਰਨ ਜ਼ੁਕਾਮ, ਬੁਖਾਰ, ਜਾਂ ਖਰਾਬ ਗਲੇ ਅਤੇ ਨੱਕ ਦੀਆਂ ਜਿਆਦਾਤਰ ਇਨਫੈਕਸ਼ਨਾਂ ਵਰਗੇ ਵਾਇਰਸ ਨਾਲ ਨਹੀਂ ਲੜਦੇ। ਤੁਹਾਨੂੰ ਬੈਕਟੀਰੀਅਲ ਇਨਫੈਕਸ਼ਨ ਹੋਣ ਦੇ ਬਾਰੇ ਪੁੱਛੋ।

## 2) ਇਸਦੇ ਜੋਖਮ ਕੀ ਹਨ?

ਐਂਟੀਬਾਇਓਟਿਕ ਲੈਣ ਨਾਲ ਅਣਚਾਹੇ ਸਾਈਡ ਅਫੈਕਟ ਜਿਵੇਂ ਕਿ ਦਸਤ ਅਤੇ ਉਲਟੀਆਂ ਹੋ ਸਕਦੇ ਹਨ। ਇਸ ਨਾਲ "ਐਂਟੀਬਾਇਓਟਿਕ ਪ੍ਰਤੀਰੋਧ" ਵੀ ਹੋ ਸਕਦਾ ਹੈ – ਜੇਕਰ ਤੁਸੀਂ ਲੋੜ ਨਾ ਹੋਣ 'ਤੇ ਐਂਟੀਬਾਇਓਟਿਕ ਦੀ ਵਰਤੋਂ ਕਰਦੇ ਹੋ, ਤਾਂ ਹੋ ਸਕਦਾ ਹੈ ਕਿ ਇਹ ਭਵਿੱਖ ਵਿੱਚ ਲੋੜ ਪੈਣ 'ਤੇ ਕੰਮ ਨਾ ਕਰਨ।

## 3) ਕੀ ਕੋਈ ਸਰਲ ਅਤੇ ਸੁਰੱਖਿਅਤ ਵਿਕਲਪ ਹਨ?

ਜਿਆਦਾਤਰ ਜ਼ੁਕਾਮ, ਖਾਂਸੀ ਜਾਂ ਖਰਾਬ ਗਲੇ ਨੂੰ ਠੀਕ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਖੂਬ ਤਰਲ ਪਦਾਰਥ ਪੀਣਾ ਅਤੇ ਅਰਾਮ ਕਰਨਾ। ਇਹਨਾਂ ਵਿਕਲਪਾਂ ਬਾਰੇ ਆਪਣੇ ਹੈਲਥ ਕੇਅਰ ਪ੍ਰੋਵਾਈਡਰ ਨਾਲ ਗੱਲ ਕਰੋ।

ਤੁਹਾਨੂੰ ਕਿਸ ਚੀਜ ਦੀ ਲੋੜ ਹੈ ਅਤੇ ਕਿਸ ਚੀਜ ਦੀ ਨਹੀਂ, ਇਸ ਬਾਰੇ ਗੱਲ ਕਰੋ।
ਵਧੇਰੀ ਜਾਣਕਾਰੀ ਲਈ, **www.choosingwiselycanada.org/antibiotics** 'ਤੇ ਜਾਓ

Association Médicale Canadienne
Canadian Medical Association
Choosing Wisely Canada™
The College of Family Physicians of Canada
Le Collège des Médecins de Famille du Canada